بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿਚੱ ਤਕਲੀਫ਼ਾਂ ਅਤੇ ਔਂਕੜ੍ਹਾਂ ਉੱਤੇ ਸਬਰ ਕਰਨ ਦੀ ਨਸੀਹਤ

## ਜੇਕਰ ਹਰ ਅਹਮਦੀ ਆਪਣੀ ਜ਼ਿੰਮੇਵਾਰੀ ਨੂੰ ਸਮਝ ਲਏ ਤਾਂ ਬਥੇਰੇ ਮਸਲਿਆਂ ਦਾ ਹਲ੍ਹ ਸਾਡੇ ਆਚਰਣ ਅਤੇ ਦੁਆਵਾਂ ਨਾਲ ਨਿਕਲ ਸਕਦਾ ਹੈ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 28 ਅਪ੍ਰੈਲ 2023 ਮਸਜਿਦ ਮੁਬਾਰਕ ਇਸਲਾਮਾਬਾਦ, ਲੰਦਨ (ਯੂ.ਕੇ)**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَاِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹੁਦੱ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਕੁਝੱ ਲੋਕ ਮੈਨੂੰ ਦਲੀਲਾਂ ਸਹਿਤ ਲਿਖੱਦੇ ਹਨ ਕਿ ਪਾਕਿਸਤਾਨ ਵਿਚੱ ਜਾਂ ਕਿਸੇ ਹੋਰ ਥਾਂ ਜਮਾਅਤ ਦੇ ਹਾਲਾਤ ਉੱਤੇ ਸਾਨੂੰ ਸਬਰ ਦੀ ਥਾਂ ਕੁਝੱ ਜਵਾਬ ਦੇਣਾ ਚਾਹੀਦਾ ਹੈ ਅਤੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਦੀ ਮਿਸਾਲਾਂ ਦਿੰਦੇ ਹਨ ਕਿ ਕੁਝੱ ਥਾਂਵਾਂ ਉੱਤੇ ਆਪ ਰਜ਼ੀ ਅੱਲਾਹ ਅੰਨਹੋ ਨੇ ਇਸ ਦੀ ਆਗਿਆ ਦਿੱਤੀ। ਇਹ ਬਿਲਕੁਲੱ ਗ਼ਲਤ ਗੱਲ੍ਹਾਂ ਹਨ। ਜੋ ਆਪ ਰਜ਼ੀ ਅੱਲਾਹ ਬਾਰੇ ਕੀਤੀਆਂ ਜਾਂਦੀਆਂ ਹਨ। ਆਪ ਰਜ਼ੀ ਅੱਲਾਹ ਅੰਨਹੋ ਨੇ ਕਾਨੂੰਨ ਦੇ ਅੰਦਰ ਰਹਿ ਕੇ ਕੁਝੱ ਗੱਲ੍ਹਾਂ ਕੀਤੀਆਂ। ਪਰ ਬਿਨਾਂ ਸੋਚੇ ਸਮਝੇ ਹਮਲਾ ਕਰਨ ਵਾਲਿਆਂ ਵਾਂਗ ਜਲੂਸ ਕੱਢਣ ਦੀ ਆਗਿਆ ਨਹੀਂ ਦਿੱਤੀ। ਜੇਕਰ ਕਿੱਥੇ ਕੋਈ ਜਵਾਬ ਕਿਸੇ ਸ਼ਕਲ ਵਿਚੱ ਦਿੱਤਾ ਤਾਂ ਉਹ ਖ਼ਲੀਫ਼ਾ ਦੀ ਆਗਿਆ ਦੇ ਹੇਠਾਂ ਸੀ। ਇਹ ਨਹੀਂ ਕਿ ਹਰ ਕੋਈ ਅਫ਼ਸਰ ਲੋਕਾਂ ਨੂੰ ਜਮ੍ਹਾਂ ਕਰਕੇ ਧਰਨੇ ਸ਼ੁਰੂ ਕਰ ਦੇਵੇ।

ਵੰਡ ਤੋਂ ਪਹਿਲਾਂ ਜਦੱ ਬ੍ਰਿਟਿਸ਼ ਰਾਜ ਸੀ ਅਤੇ ਸਾਡੇ ਵਿਰੋਧੀ ਅਫ਼ਸਰਾਂ ਨੇ ਕੋਸ਼ਿਸ਼ ਕੀਤੀ ਕਿ ਆਪ ਰਜ਼ੀ ਅੱਲਾਹ ਅੰਨਹੋ ਦੇ ਭਾਸ਼ਣਾ ਨੂੰ ਭੜ੍ਹਕਾਉ ਭਾਸ਼ਣ ਕਰਾਰ ਦੇ ਕੇ ਆਪ ਰਜ਼ੀ ਅੱਲਾਹ ਅੰਨਹੋ ਉੱਤੇ ਹਥੱ ਪਾਇਆ ਜਾਵੇ। ਪਰ ਹਰ ਬਾਰ ਇਸੇ ਲਈ ਨਾਕਾਮ ਹੁੰਦੇ ਸਨ ਕਿ ਆਪ ਰਜ਼ੀ ਅੱਲਾਹ ਅੰਨਹੋ ਵਿਰੋਧੀਆਂ ਅਤੇ ਹਕੂਮਤ ਦੇ ਅਫ਼ਸਰਾਂ ਨੂੰ ਉਨ੍ਹਾਂ ਦਾ ਚਿਹਰਾ ਵਿਖਾ ਕੇ ਸਦਾ ਜਮਾਅਤ ਨੂੰ ਅੰਤ ਵਿਚੱ ਫ਼ਰਮਾਇਆ ਕਰਦੇ ਸਨ ਕਿ ਨਬੀਆਂ ਦੀ ਜਮਾਅਤ ਦਾ ਕੰਮ ਸਬਰ ਅਤੇ ਕਾਨੂੰਨ ਦੀ ਪਾਬੰਦੀ

ਹੈ। ਜਦੋਂ ਵੀ ਵਿਰੋਧੀ ਅਫ਼ਸਰਾਂ ਨੇ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਮਨਸੂਬੀਆਂ ਉੱਤੇ ਪਾਣੀ ਫ਼ਿਰ ਜਾਂਦਾ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਆਪ ਰਜ਼ੀ ਅੱਲਾਹ ਅੰਨਹੋ ਕੋਈ ਅਜਿਹੀ ਗਲੱ ਕਰਦੇ। ਜੋ ਇਸਲਾਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿਖਿੱਆ ਦੇ ਖ਼ਿਲਾਫ਼ ਹੁੰਦੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਤਾਂ ਕਈ ਥਾਂ ਸਬਰ ਅਤੇ ਦੁਆ ਦੀ ਨਸੀਹਤ ਕਰਦੇ ਹੋਏ ਫ਼ਰਮਾਇਆ ਕਿ ਜਿਨ੍ਹਾਂ ਦੇ ਪੈਰ ਕਮਜ਼ੋਰ ਹਨ ਅਤੇ ਮੇਰੇ ਨਾਲ ਕੰਡਿਆਂ ਵਾਲਿਆਂ ਰਾਹਾਂ ਉੱਤੇ ਨਹੀਂ ਤੁਰ ਸਕਦੇ। ਉਹ ਬੇਸ਼ਕੱ ਮੈਨੂੰ ਛਡੱ ਦੇਣ। ਸੋ ਇਹ ਸਬਰ ਹੀ ਹੈ। ਜੋ ਸੰਸਾਰ ਵਿਚੱ ਜਮਾਅਤ ਦੀ ਵਿਲਖੱਣਤਾ ਕਾਯਮ ਕੀਤੇ ਹੋਏ ਹੈ।

ਕਈ ਪ੍ਰੈਸ ਰਿਪੋਟਰਾਂ ਨੂੰ ਵੀ ਮੈਂ ਕਈ ਵਾਰ ਜਵਾਬ ਦਿੱਤਾ ਹੈ ਕਿ ਜੋ ਲੋਕ ਸਾਨੂੰ ਤਕਲੀਫ਼ਾਂ ਪਹੁੰਚਾ ਰਹੇ ਹਨ। ਜੋ ਜ਼ੁਲਮ ਕਰ ਰਹੇ ਹਨ। ਉਨ੍ਹਾਂ ਵਿਚੋਂ ਹੀ ਅਹਮਦੀ ਵੀ ਹੋਏ ਹਨ ਅਤੇ ਹੋਰ ਲੋਕ ਵੀ ਆ ਰਹੇ ਹਨ। ਸਾਡੇ ਸੁਭਾਵ ਵੀ ਉਨ੍ਹਾਂ ਵਰਗੇ ਹੀ ਸਨ। ਅਸੀਂ ਵੀ ਅਜਿਹਾ ਜਵਾਬ ਦੇ ਸਕਦੇ ਸਨ। ਪਰ ਅਸੀਂ ਜ਼ਮਾਨੇ ਦੇ ਇਮਾਮ ਨੂੰ ਮੰਨਿਆ ਹੈ। ਜਿਨ੍ਹਾਂ ਨੇ ਅਮਨ ਕਾਯਮ ਰਖੱਣ ਅਤੇ ਰਬੱ ਦੀਆਂ ਮਿਹਰਾਂ ਦਾ ਵਾਰਸ ਬਨਣ ਲਈ ਇਹ ਸਿਖਿੱਆ ਦਿੱਤੀ ਹੈ ਕਿ ਤੁਸੀਂ ਅਮਨ ਨਾਲ ਕੰਮ ਲੈਣਾ ਹੈ। ਪਰ ਕਾਨੂੰਨ ਦੇ ਅੰਦਰ ਰਹਿ ਕੇ ਆਪਣੇ ਹਕੱ ਲੈਣ ਦੀ ਕੋਸ਼ਿਸ਼ ਕਰੋ। ਸੋ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਹ ਨਬੀਆਂ ਦੀ ਤਾਰੀਖ ਹੈ ਅਤੇ ਇਹੀ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਿਖਿੱਆ ਹੈ ਕਿ ਅਸੀਂ ਸਬਰ ਨਾਲ ਕੰਮ ਲੈਣ। ਇਸ ਉਤੱਰ ਉੱਤੇ ਲੋਕ ਹੈਰਾਨ ਵੀ ਹੁੰਦੇ ਹਨ ਅਤੇ ਮੰਨਦੇ ਵੀ ਹਨ ਕਿ ਇਹ ਅਮਨ ਨਾਲ ਰਹਿਣ ਵਾਲਿਆਂ ਦਾ ਹਕੀਕੀ ਜਵਾਬ ਹੈ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਨੇ ਸਬਰ ਨੂੰ ਇਕੱ ਬਹੁਤ ਜ਼ਰੂਰੀ ਚੀਜ਼ ਕਰਾਰ ਦਿੱਤਾ ਹੈ ਅਤੇ ਫ਼ਰਮਾਇਆ ਕਿ ਇਹ ਨਬੀਆਂ ਦੀ ਜਮਾਅਤਾਂ ਦੇ ਮਹਤੱਵਪੂਰਨ ਅਤੇ ਆਰੰਭਿਕ ਕਾਰਜਾਂ ਵਿਚੋਂ ਹੈ। ਜਿਸ ਤੋਂ ਬਿਨਾਂ ਕੋਈ ਜਮਾਅਤ ਤਰੱਕੀ ਨਹੀਂ ਕਰ ਸਕਦੀ ਅਤੇ ਨ ਸੰਸਾਰ ਨੂੰ ਆਪਣੇ ਪਿੱਛੇ ਚਲਣ ਉੱਤੇ ਮਜਬੂਰ ਕਰ ਸਕਦੀ ਹੈ ਅਤੇ ਕੋਈ ਜਮਾਅਤ ਅਜਿਹੀ ਨਹੀਂ ਹੋਈ ਜਿਸ ਨੇ ਇਸ ਕਰਤਵੱ ਦੀ ਸੰਪੂਰਨਤਾ ਤੋਂ ਬਿਨਾਂ ਕਾਮਯਾਬੀ ਦਾ ਮੂੰਹ ਵੇਖਿਆ ਹੋਵੇ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਸਬਰ ਦੋ ਕਿਸਮ ਦਾ ਹੈ ਇਕੱ ਸਬਰ ਇਹ ਹੈ ਕਿ ਮਨੁਖੱ ਨੂੰ ਕਿਸੇ ਜਵਾਬ ਦੀ ਤਾਕਤ ਹੋਵੇ ਅਤੇ ਫ਼ਿਰ ਉਹ ਸਬਰ ਵਿਖਾਏ। ਦੂਜਾ ਉਸ ਸਮੇਂ ਦਾ ਸਬਰ ਹੈ ਜਦੋਂ ਮੁਕਾਬਲੇ ਦੀ ਤਾਕਤ ਹੀ ਨ ਹੋਵੇ। ਅਰਥਾਤ ਮਜਬੂਰੀ ਦਾ ਸਬਰ ਹੈ। ਤਾਕਤ ਹੁੰਦੇ ਹੋਏ ਸਬਰ ਇਹੀ ਹੈ ਕਿ ਜ਼ੁਲਮ ਕਰਨ ਵਾਲਿਆਂ ਦਾ ਜਵਾਬ ਨ ਦੇਣਾ ਅਤੇ ਰਬੱ ਲਈ ਸਬਰ ਦਾ ਪ੍ਰਕਟਾਵਾ ਕਰਨਾ ਅਤੇ ਮਜਬੂਰੀ ਦਾ ਸਬਰ ਇਹ ਹੈ ਕਿ ਤਾਕਤ ਨ ਹੁੰਦੇ ਹੋਏ

ਆਕਾਸ਼ੀ ਸੰਕਟਾਂ ਉੱਤੇ ਰਬੱ ਲਈ ਸਬਰ ਕਰਨਾ। ਰਬੱ ਨੇ ਵਖੱ-ਵਖੱ ਥਾਂਵਾਂ ਉੱਤੇ ਸਬਰ ਦੀ ਸਿਖਿੱਆ ਦਿੱਤੀ ਹੈ। ਰਬੱ ਦੇ ਆਦੇਸ਼ਾਂ ਨੂੰ ਸਾਮ੍ਹਣੇ ਰਖੱਦੇ ਹੋਏ ਸਬਰ ਦੇ ਤਿੰਨ ਅਰਥ ਹਨ। ਪਹਿਲਾ ਪਾਪ ਤੋਂ ਬਚਣਾ ਅਤੇ ਆਪਣੇ ਨਫ਼ਸ ਨੂੰ ਉਸ ਤੋਂ ਰੋਕਣਾ। ਦੂਜਾ ਨੇਕ ਕਰਮਾਂ ਉੱਤੇ ਸਦਾ ਕਾਯਮ ਰਹਿਣਾ। ਤੀਜਾ ਸਿਆਪਾ ਕਰਨ ਤੋਂ ਬਚਣਾ। ਪਹਿਲੇ ਅਰਥ ਦੇ ਅਨੁਸਾਰ ਲਗਾਤਾਰ ਅਤੇ ਸਦਾ ਉਨ੍ਹਾਂ ਬੁਰਾਇਆਂ ਤੋਂ ਰੁਕਣਾ ਹੈ। ਜੋ ਉਸ ਨੂੰ ਆਪਣੇ ਵਲੱ ਖਿਚੱ ਰਹੀ ਹੈ ਅਤੇ ਉਨ੍ਹਾਂ ਬੁਰਾਇਆਂ ਲਈ ਤਿਆਰ ਰਹਿਣਾ ਜੋ ਅੱਗੇ ਚਲੱ ਕੇ ਉਸ ਨੂੰ ਖਿਚੱ ਸਕਦੀ ਹੈ। ਦੂਜੇ ਅਰਥ ਦੇ ਅਨੁਸਾਰ ਮਨੁਖੱ ਸਦਾ ਉਨ੍ਹਾਂ ਨੇਕੀਆਂ ਉੱਤੇ ਕਾਯਮ ਰਹੇ ਜੋ ਉਸ ਨੂੰ ਪ੍ਰਾਪਤ ਹੋ ਚੁਕਿੱਆਂ ਹਨ ਅਤੇ ਉਨ੍ਹਾਂ ਲਈ ਕੋਸ਼ਿਸ਼ ਕਰੇ ਜੋ ਹਾਲੇ ਉਸ ਨੂੰ ਪ੍ਰਾਪਤ ਨਹੀਂ ਹੋਈਆਂ। ਇਹ ਵੀ ਸਬਰ ਦੀ ਇਕੱ ਕਿਸਮ ਹੈ। ਜੋ ਮਨੁਖੱ ਨੂੰ ਰਬੱ ਦੇ ਨਿਕਟ ਕਰਨ ਵਾਲੀ ਹੈ ਅਤੇ ਇਹ ਨਿਕਟਤਾ ਦੁਆਵਾਂ ਨਾਲ ਹੀ ਮਿਲ ਸਕਦੀ ਹੈ।

ਰਬੱ ਫ਼ਰਮਾਉਂਦਾ ਹੈ ਕਿ ਸਬਰ ਅਤੇ ਦੁਆ ਰਾਹੀਂ ਰਬੱ ਤੋਂ ਮਦਦ ਮੰਗਿਆ ਕਰੋ ਅਤੇ ਬੇਸ਼ਕੱ ਨਿਮਰਤਾ ਧਾਰਨ ਕਰਨ ਵਾਲਿਆਂ ਤੋਂ ਬਿਨਾ ਦੂਜੀਆਂ ਲਈ ਇਹ ਮੁਸ਼ਕਿਲ ਹੈ। ਉਹੀ ਅਜਿਹਾ ਸਬਰ ਪ੍ਰਕਟ ਕਰ ਸਕਦੇ ਹਨ ਜੋ ਰਬੱ ਦੀ ਰਜ਼ਾ ਚਾਹੁੰਦੇ ਹੋਣ। ਸਬਰ, ਨਿਮਰਤਾ ਅਤੇ ਦੁਆ ਨਾਲ ਰਬੱ ਦੀ ਰਜ਼ਾ ਚਾਹੁਣ ਦਾ ਨਾਂ ਹੈ। ਇਹ ਉਸ ਸਮੇਂ ਹੋਵੇਗਾ ਜਦੱ ਅਸੀਂ ਆਪਣੀ ਹਾਲਤਾਂ ਨੂੰ ਰਬੱ ਦੀ ਸਿਖਿੱਆ ਦੇ ਅਨੁਸਾਰ ਕਰਨਗੇ ਅਤੇ ਰਬੱ ਦੀ ਰਜ਼ਾ ਪ੍ਰਾਪਤ ਕਰਨਾ ਸਾਡਾ ਉਦੇਸ਼ ਹੋਵੇਗਾ। ਵਿਰੋਧੀ ਇਹ ਚਾਹੁੰਦੇ ਹਨ ਕਿ ਸਾਡੇ ਜਵਾਬ ਉੱਤੇ ਹੋਰ ਸਖਤੀਆਂ ਕਰਨ। ਸਾਡੇ ਨਿਜ਼ਾਮ ਉੱਤੇ ਪਾਬੰਦੀਆਂ ਲਾਉਣ ਦੀ ਕੋਸ਼ਿਸ਼ ਕਰਨ। ਇਸ ਸਮੇਂ ਕੁਝੱ ਹਕੂਮਤੀ ਅਫ਼ਸਰ ਵਿਰੋਧੀਆਂ ਨਾਲ ਸਹਿਯੋਗ ਕਰ ਰਹੇ ਹਨ। ਕੁਝੱ ਅਜਿਹੇ ਕਿੱਸੇ ਜਮਾਅਤ ਦੀ ਤਾਰੀਖ ਵਿਚੱ ਹਨ ਕਿ ਜਿਨ੍ਹਾਂ ਕਰਕੇ ਜਮਾਅਤ ਨੂੰ ਨੁਕਸਾਨ ਹੋਇਆ। ਪਰ ਜਦੱ ਸਬਰ ਨਾਲ ਹਾਲਾਤ ਚੰਗੇ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸ ਦਾ ਲਾਭ ਵੀ ਹੋਇਆ। ਇੰਝ ਕੁਝੱ ਅਫ਼ਸਰਾਂ ਉੱਤੇ ਉਸ ਦਾ ਚੰਗਾ ਪ੍ਰਭਾਵ ਵੀ ਪਿਆ। ਸਾਡੇ ਗ਼ਲਤ ਜਵਾਬ ਨਾਲ ਉਨ੍ਹਾਂ ਉੱਤੇ ਵੀ ਗ਼ਲਤ ਪ੍ਰਭਾਵ ਪਏਗਾ ਜੋ ਅਹਮਦੀਅਤ ਦੇ ਜਗਿਆਸੂ ਹਨ। ਉਨਾਂ ਨੂੰ ਕਹਿਣ ਦਾ ਮੌਕਾ ਮਿਲੇਗਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀ ਤਬਦੀਲੀ ਪੈਦਾ ਕੀਤੀ ਕਿ ਅਸੀਂ ਉਨ੍ਹਾਂ ਦੀ ਜਮਾਅਤ ਵਿਚੱ ਸ਼ਾਮਿਲ ਹੋਣ ? ਸੋ, ਇਹ ਗਲੱ ਯਾਦ ਰੱਖੋ ਕਿ ਅਸੀਂ ਜਮਾਅਤ ਦੇ ਵੱਡੇ ਲਾਭ ਲਈ ਮੁਸ਼ਕਿਲਾਂ ਨੂੰ ਸਬਰ ਨਾਲ ਬਰਦਾਸ਼ਤ ਕਰਨਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਇਹੀ ਸਿਖਿੱਆ ਦਿੱਤੀ ਹੈ ਕਿ ਦੂਜੀਆਂ ਦੀ ਸਖ਼ਤੀਆਂ ਨੂੰ ਸਬਰ ਨਾਲ ਬਰਦਾਸ਼ਤ ਕਰੋ ਅਤੇ ਝੇਲੋ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਜ਼ਮਾਨੇ ਵਿਚੱ ਕਈ ਲੋਕ ਆਪ ਸਲੱਲਾਹੋ ਅਲੈਹਿ ਵਸਲੱਮ ਅਤੇ ਸਹਾਬਾ ਰਜ਼ੀ ਅੱਲਾਹ ਅੰਹੁਮਾ ਦਾ ਸਬਰ ਵੇਖ ਕੇ ਹੀ ਈਮਾਨ ਲਿਆਏ ਸਨ। ਇਹ ਮਿਸਾਲਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਵਿਚੱ ਵੀ ਮਿਲਦੀਆਂ ਹਨ ਕਿ ਆਪ ਅਲੈਹਿ ਸਲਾਮ ਦਾ ਸਬਰ ਵੇਖ ਕੇ ਆਪ ਅਲੈਹਿ ਸਲਾਮ ਦੀ ਜਮਾਅਤ ਵਿਚੱ ਸ਼ਾਮਿਲ ਹੋਏ ਅਤੇ ਅਜੱ ਵੀ ਇਹੀ ਹਾਲਾਤ ਹਨ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਡੀ ਜਮਾਅਤ ਲਈ ਵੀ ਉਹੀ ਮੁਸ਼ਕਿਲਾਂ ਹਨ। ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਪੈਸ਼ ਆਇਆ। ਯਾਦ ਰੱਖੋ ਇਸ ਕਿਸਮ ਦੀ ਮੁਸ਼ਕਿਲਾਂ ਦਾ ਆਉਣਾ ਜ਼ਰੂਰੀ ਹੈ ਤਾਂ ਕਿ ਰਬੱ ਉੱਤੇ ਈਮਾਨ ਮਜ਼ਬੂਤ ਹੋਵੇ ਅਤੇ ਪਾਕ ਤਬਦੀਲੀ ਦਾ ਮੌਕਾ ਮਿਲੇ। ਮੈਂ ਤੁਹਾਨੂੰ ਇਹ ਵੀ ਦਸੱ ਦਿਆਂ ਕਿ ਰਬੱ ਇੱਥੇ ਤਕੱ ਇਸ ਗਲੱ੍ਹ ਦੀ ਹਮਾਇਤ ਕਰਦਾ ਹੈ ਕਿ ਜੇਕਰ ਕੋਈ ਮਨੁਖੱ ਇਸ ਜਮਾਅਤ ਵਿਚੱ ਸ਼ਾਮਿਲ ਹੋ ਕੇ ਸਬਰ ਅਤੇ ਬਰਦਾਸ਼ਤ ਨਾਲ ਕੰਮ ਨਹੀਂ ਲੈਂਦਾ ਤਾਂ ਉਹ ਯਾਦ ਰੱਖੇ ਕਿ ਉਹ ਇਸ ਜਮਾਅਤ ਵਿਚੱ ਦਾਖ਼ਲ ਨਹੀਂ ਹੈ। ਸੋ, ਆਪਣੇ ਮਾਮਲੇ ਨੂੰ ਰਬੱ ਦੇ ਹਵਾਲੇ ਕਰ ਦਿਓ। ਗਾਲ੍ਹਾਂ ਸੁਣ ਕੇ ਵੀ ਬਰਦਾਸ਼ਤ ਕਰੋ। ਜਦੱ ਮੈਂ ਸਬਰ ਕਰਦਾ ਹਾਂ ਤਾਂ ਤੁਹਾਡਾ ਕੰਮ ਹੈ ਤੁਸੀਂ ਵੀ ਸਬਰ ਕਰੋ।

ਅਜੱ ਦੁਨੀਆ ਦੇ ਹਰ ਦੇਸ਼ ਵਿਚੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਸੰਦੇਸ਼ ਪਹੁੰਚ ਗਿਆ ਹੈ ਅਤੇ ਜਮਾਅਤ ਕਾਯਮ ਹੈ। ਕੀ ਇਹ ਕਿਸੇ ਜਵਾਬ ਦੇਣ ਜਾਂ ਤਾਕਤ ਦੇ ਪ੍ਰਕਟਾਵੇ ਨਾਲ ਹੋਇਆ ਹੈ। ਨਹੀਂ। ਸਗੋਂ ਕੁਰਬਾਨੀਆਂ ਅਤੇ ਸਬਰ ਅਤੇ ਦੁਆਵਾਂ ਦੇ ਨਤੀਜੇ ਵਿਚੱ ਹੋਇਆ ਹੈ। ਸੋ, ਸਾਨੂੰ ਸਬਰ ਦਾ ਪ੍ਰਕਟਾਵਾ ਕਰਦੇ ਰਹਿਣਾ ਹੋਵੇਗਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਮੂਸਾ ਅਲੈਹਿ ਸਲਾਮ ਦੀ ਕੌਮ ਨੇ ਉਨ੍ਹਾਂ ਨੂੰ ਛੇਤੀ ਮੰਨ ਲਿਆ ਸੀ। ਇਸੇ ਲਈ ਉਨ੍ਹਾਂ ਨੂੰ ਆਪਣੀ ਕੌਮ ਵੱਲੋਂ੍ਹ ਕੋਈ ਮੁਸ਼ਕਿਲ ਪੈਸ਼ ਨਹੀਂ ਆਈ। ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਆਪਣੀ ਕੌਮ ਵੱਲੋਂ੍ਹ ਹੀ ਇੰਨਕਾਰ ਅਤੇ ਮੁਸ਼ਕਿਲਾਂ ਪੈਸ਼ ਸਨ। ਆਪ ਸਲੱਲਾਹੋ ਅਲੈਹਿ ਵਸਲੱਮ ਦੀ ਮੁਸ਼ਕਿਲਾਂ ਦਾ ਸਿਲਸਿਲਾ 13 ਸਾਲ ਤਕੱ ਚਲ੍ਹਿਆ। ਪਰ ਰਬੱ ਵੱਲੋਂ੍ਹ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਸਬਰ ਦੀ ਹਦਾਯਤ ਹੁੰਦੀ ਸੀ। ਵਾਰ ਵਾਰ ਹੁਕਮ ਹੁੰਦਾ ਸੀ ਕਿ ਜਿਵੇਂ ਪਹਿਲੇ ਨਬੀਆਂ ਨੇ ਸਬਰ ਕੀਤਾ। ਤੂੰ ਵੀ ਸਬਰ ਕਰ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਕਦੇ ਸੁਸਤ ਨ ਪਏ ਅਤੇ ਸਦਾ ਕਦਮ ਅੱਗੇ ਵਧਾਉਂਦੇ ਸਨ।

ਇਕੱ ਅਹਮਦੀ ਕਿਸੇ ਪਿੰਡੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿਚੱ ਹਾਜ਼ਰ ਹੋਇਆ ਅਤੇ ਉਦੇਸ਼ ਸੀ ਕਿ ਮੇਰੇ ਪਿੰਡ ਵਿਚੱ ਮਦਰਸੇ ਦਾ ਮੁਲਾਜ਼ਮ ਇਕੱ ਮੌਲਵੀ ਸਖ਼ਤ ਵਿਰੋਧੀ ਹੈ ਅਤੇ ਮੈਨੂੰ ਬਹੁਤ ਦੁਖੱ ਦਿੰਦਾ ਹੈ। ਹਜ਼ੂਰ ਦੁਆ ਕਰਨ ਕਿ ਰਬੱ ਉਸ ਦੀ ਤਬਦੀਲੀ ਉੱਥੋਂ ਕਰ ਦੇਵੇ।

ਆਪ ਅਲੈਹਿ ਸਲਾਮ ਮੁਸਕਰਾਏ ਅਤੇ ਫ਼ਰਮਾਇਆ ਕਿ ਇਸ ਜਮਾਅਤ ਵਿਚੱ ਜਦੱ ਦਾਖ਼ਲ ਹੋਏ ਹੋ ਤਾਂ ਇਸ ਦੀ ਸਿਖਿੱਆ ਉੱਤੇ ਅਮਲ ਕਰੋ। ਜੇਕਰ ਤਕਲੀਫ਼ ਨ ਪਹੁੰਚੀ ਤਾਂ ਫ਼ਿਰ ਪੁੰਨ ਕਿਵੇਂ ਹੋਵੇਗਾ। ਆਪ ਸਲੱਲਾਹੋ ਅਲੈਹਿ ਵਸਲੱਮ ਨੇ 13 ਸਾਲ ਦੁਖੱ ਚੁੱਕੇ। ਪਰ ਸਹਾਬਾ ਨੂੰ ਸਬਰ ਹੀ ਦੀ ਸਿਖਿੱਆ ਦਿੱਤੀ। ਰਬੱ ਨੇ ਇਰਾਦਾ ਕੀਤਾ ਕਿ ਇਸ ਪਾਕ ਜਮਾਅਤ ਨੂੰ ਸੰਸਾਰ ਵਿਚੱ ਫ਼ੈਲਾਏ ਅਤੇ ਰਬੱ ਤੁਹਾਨੂੰ ਉਨਾਂ ਰਾਹੀਂ ਸਬਰ ਦੀ ਸਿਖਿੱਆ ਦੇਣਾ ਚਾਹੁੰਦਾ ਹੈ। ਰਬੱ ਫ਼ਰਮਾਉਂਦਾ ਹੈ ਕਿ ਸਬਰ ਕਰਨ ਵਾਲਿਆਂ ਨੂੰ ਉਹ ਬਦਲੇ ਮਿਲਣਗੇ ਜਿਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ। ਫ਼ਿਰ ਫ਼ਰਮਾਇਆ ਕਿ ਸੰਸਾਰਿਕ ਲੋਕ ਕਾਰਨਾਂ ਉੱਤੇ ਭਰੋਸਾ ਕਰਦੇ ਹਨ। ਪਰ ਰਬੱ ਮਜਬੂਰ ਨਹੀਂ। ਸੋ, ਆਪਣੇ ਕਰਮਾਂ ਨੂੰ ਸਾਫ਼ ਕਰੋ। ਅਣਗਹਿਲੀ ਨ ਕਰੋ। ਅਣਗਹਿਲੀ ਕਰਨ ਵਾਲਾ ਸ਼ੈਤਾਨ ਦਾ ਸ਼ਿਕਾਰ ਹੋ ਜਾਂਦਾ ਹੈ। ਤੌਬਾ ਨੂੰ ਸਦਾ ਜ਼ਿੰਦਾ ਰੱਖੋ ਤਾਂ ਕਿ ਉਹ ਬੇਕਾਰ ਨ ਹੋਵੇ। ਸੱਚੀ ਤੌਬਾ ਚੰਗੇ ਬੀਹ ਵਾਂਗ ਹੈ। ਜੋ ਆਪਣੇ ਸਮੇਂ ਉੱਤੇ ਫ਼ਲ੍ਹ ਲਿਆਉਂਦਾ ਹੈ। ਅਸੀਂ ਤਾਂ ਰਬੱ ਵੱਲੋਂ ਸਬਰ ਲਈ ਖੜ੍ਹੇ ਕੀਤੇ ਗਏ ਹਨ। ਤੁਸੀਂ ਉਨ੍ਹਾਂ ਲਈ ਦੁਆ ਕਰੋ ਕਿ ਰਬੱ ਉਨ੍ਹਾਂ ਨੂੰ ਵੀ ਹਦਾਯਤ ਬਖ਼ਸ਼ੇ। ਸੋ, ਸਾਡੀ ਵੀ ਕਾਮਯਾਬੀ ਇਸੇ ਵਿਚੱ ਹੈ ਕਿ ਅਸੀਂ ਆਪ ਅਲੈਹਿ ਸਲਾਮ ਦੀ ਰਾਹ ਉੱਤੇ ਤੁਰਨ।

ਫ਼ਿਰ ਫ਼ਰਮਾਇਆ ਕਿ ਸਾਡੇ ਗ਼ਾਲਬ ਆਉਣ ਦੇ ਹਥਿਆਰ ਅਸਤਗ਼ਫ਼ਾਰ, ਤੌਬਾ, ਧਾਰਮਿਕ ਸਿਖਿੱਆ ਨਾਲ ਜਾਣ ਪਛਾਣ, ਰਬੱ ਦੀ ਵਡਿੱਆਈ ਨੂੰ ਧਿਆਨ ਵਿਚੱ ਰਖੱਣਾ ਅਤੇ ਪੰਜ ਨਮਾਜ਼ਾਂ ਨੂੰ ਅਦਾ ਕਰਨਾ ਹੈ। ਸੋ, ਇਹ ਉਹ ਨਸੀਹਤਾਂ ਹਨ। ਜੋ ਸਾਡੀ ਕਾਮਯਾਬੀ ਅਤੇ ਤਰੱਕੀ ਦੀ ਨੀਂਹ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਜੇਕਰ ਅਸੀਂ ਸਹੀ ਰੰਗ ਵਿਚੱ ਇਨ੍ਹਾਂ ਨਸੀਹਤਾਂ ਉੱਤੇ ਧਿਆਨ ਦਿੰਦੇ ਰਹਿਣਗੇ ਤਾਂ ਸਾਡੀ ਕਾਮਯਾਬੀ ਹੈ। ਸਾਡੀ ਕਾਮਯਾਬੀ ਇੰਸ਼ਾ-ਅੱਲਾਹ ਤੈਅ ਹੈ। ਜੇਕਰ ਹਰ ਅਹਮਦੀ ਆਪਣੀ ਜ਼ਿੰਮੇਵਾਰੀ ਨੂੰ ਸਮਝ ਲਏ ਤਾਂ ਕਈ ਮਸਲਿਆਂ ਦੇ ਹਲੱ ਸਾਡੇ ਆਚਰਣ ਅਤੇ ਦੁਆਵਾਂ ਨਾਲ ਨਿਕਲ ਸਕਦੇ ਹਨ। ਰਬੱ ਸਾਨੂੰ ਸਬਰ ਅਤੇ ਦੁਆਵਾਂ ਦੀ ਤੌਫ਼ੀਕ ਬਖ਼ਸ਼ੇ ਅਤੇ ਆਪਣੀ ਰਜ਼ਾ ਦੀ ਪ੍ਰਾਪਤੀ ਲਈ ਇਨਾਂ ਗੱਲ੍ਹਾਂ ਉੱਤੇ ਅਮਲ ਕਰਨ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔